# ਤਰਕਸ਼ੀਲ ਸਭਿਆਚਾਰਕ ਮੇਲੇ ਅਤੇ ਨਿਆਂਸ਼ੀਲ ਸਮਾਜ

ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਪੰਜਾਬ ਵਿਚ ਲੋਕ-ਸਭਿਆਚਾਰ ਦੀ ਉਸਾਰੀ ਵਿਚ ਤਰਕਸ਼ੀਲ ਸਭਿਆਚਾਰਕ ਮੇਲਿਆਂ ਦੀ ਇਕ ਵਿਸ਼ੇਸ਼ ਦੇਣ ਹੈ। ਇਹ ਮੇਲੇ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਵੱਡੀ ਪੱਧਰ ਉਤੇ ਕੀਤੇ ਜਾਂਦੇ ਹਨ ਅਤੇ ਸਾਧਾਰਨ ਲੋਕਾਂ ਨੂੰ ਵਿਗਿਆਨਕ ਸੋਚ ਦਾ ਧਾਰਨੀ ਬਣਾਉਣਾ ਇਨ੍ਹਾਂ ਦਾ ਨਿਸ਼ਾਨਾ ਹੈ। ਇਨ੍ਹਾਂ ਮੇਲਿਆਂ ਵਿਚ ਜਿਥੇ ਜਾਦੂ ਟਰਿੱਕ ਦਿਖਾ ਕੇ ਤਰਕਸ਼ੀਲ ਸੋਚ ਅਪਣਾਉਣ ਦੇ ਲੈਕਚਰ ਹੁੰਦੇ ਹਨ, ਉਥੇ ਤਰਕਸ਼ੀਲ ਲਹਿਰ ਨੂੰ ਸਮਰਪਿਤ ਨਾਟਕ ਅਤੇ ਸਕਿੱਟ ਵੀ ਸ਼ਾਮਲ ਹੁੰਦੇ ਹਨ। ਇਸੇ ਕਰਕੇ ਇਹ ਮੇਲੇ ਸਿਰਫ ਤਰਕਸ਼ੀਲ ਮੇਲੇ ਨਹੀਂ ਹੁੰਦੇ, ਸਗੋਂ ਸਹੀ ਸ਼ਬਦਾਂ ਵਿਚ ਤਰਕਸ਼ੀਲ ਸਭਿਆਚਾਰਕ ਮੇਲੇ ਹੁੰਦੇ ਹਨ।

ਪੰਜਾਬ ਵਿਚ ਤਰਕਸ਼ੀਲ ਲਹਿਰ ਦਾ ਮੁੱਢ ਅੱਜ ਤੋਂ 15-16 ਸਾਲ ਪਹਿਲੇ ਬੱਝਾ, ਜਦੋਂ ਬਰਨਾਲਾ ਦੇ ਮਾਸਟਰ ਮੇਘ ਰਾਜ ਮਿੱਤਲ ਦੀ ਪਹਿਲਕਦਮੀ ਨਾਲ ਡਾ. ਕਾਵੂਰ ਦੀ ਕਿਤਾਬ, 'ਦੇਵ ਪੁਰਸ਼ ਹਾਰ ਗਏ' ਪੰਜਾਬੀ ਦੇ ਪਾਠਕਾਂ ਨੂੰ ਪੜ੍ਹਨ ਨੂੰ ਮਿਲੀ। ਇਸ ਕਿਤਾਬ ਦੀ ਮਕਬੂਲੀਅਤ ਦਾ ਅੰਦਾਜ਼ਾ ਇਸ ਗੱਲ ਤੋਂ ਲਗ ਸਕਦਾ ਹੈ ਕਿ ਇਹਦੀ ਪਹਿਲੀ ਐਡੀਸ਼ਨ ਥੋੜ੍ਹੇ ਸਮੇਂ ਵਿਚ ਮੁੱਕ ਗਈ ਅਤੇ ਦੂਜੀ ਐਡੀਸ਼ਨ ਹੋਰ ਛਾਪਣੀ ਪਈ। ਤਰਕਸ਼ੀਲ ਲਹਿਰ ਹੁਣ ਇਕ ਜਥੇਬੰਦਕ ਲਹਿਰ ਹੈ। ਇਹਦੀਆਂ ਇਕਾਈਆਂ ਪੰਜਾਬ ਦੇ ਹਰ ਇਲਾਕੇ ਵਿਚ ਮਿਲਦੀਆਂ ਹਨ। ਤਰਕਸ਼ੀਲ ਮੈਗਜ਼ੀਨ ਵੱਡੀ ਗਿਣਤੀ ਵਿਚ ਛਪਦੇ ਹਨ ਅਤੇ ਤਰਕਸ਼ੀਲ ਸੋਚ ਨਾਲ ਜੁੜਿਆ ਸਾਹਿਤ ਵੀ ਹਰ ਥਾਂ ਪ੍ਰਾਪਤ ਹੈ।

ਇਕ ਤਰਕਸ਼ੀਲ ਸਭਿਆਚਾਰਕ ਮੇਲੇ ਦੀ ਨੁਹਾਰ ਜੋ ਉਭਰਕੇ ਸਾਡੇ ਸਾਹਮਣੇ ਆਈ ਹੈ ਅਤੇ ਲੋਕਾਂ ਵਿਚ ਮਕਬੂਲ ਹੈ, ਉਹ ਆਪਣੇ ਆਪ ਵਿਚ ਇਸ ਦੌਰ ਦੇ ਸਭਿਆਚਾਰ ਦੇ ਪ੍ਰਸੰਗ ਵਿਚ ਇਕ ਇਤਿਹਾਸਕ ਥਾਂ ਰੱਖਦੀ ਹੈ। ਤਰਕਸ਼ੀਲ ਮੇਲੇ ਬਾਰੇ ਇਸ਼ਤਿਹਾਰ ਉਸ ਇਲਾਕੇ ਵਿਚ ਜਿਥੇ ਮੇਲਾ ਲਗਦਾ ਹੁੰਦਾ ਹੈ, ਥਾਂ-ਥਾਂ ਉਤੇ ਲਗੇ ਮਿਲਦੇ ਹਨ। ਇਹ ਇਕ ਵੱਡਾ ਤੱਥ ਹੈ ਕਿ ਇਸ ਮੇਲੇ ਵਿਚ ਵੱਡੀ ਗਿਣਤੀ ਵਿਚ ਔਰਤਾਂ ਦੀ ਹੁੰਦੀ ਹੈ ਕਿਉਂਕਿ ਔਰਤਾਂ ਹੀ ਵਹਿਮਾਂ-ਭਰਿਮਾਂ ਦੀਆਂ ਵੱਡੀਆਂ ਸ਼ਿਕਾਰ ਹਨ। ਮੇਲਾ ਜਦੋਂ ਸ਼ੁਰੂ ਹੁੰਦਾ ਹੈ ਤਾਂ ਤਰਕਸ਼ੀਲ ਲਹਿਰ ਦਾ ਇਕ ਕਾਰਕੁਨ ਅੱਖਾਂ ਉਤੇ ਪੱਟੀ ਬੰਨ੍ਹ ਕੇ ਪਿੰਡ ਜਾਂ ਕਸਬੇ ਦਾ ਚੱਕਰ ਲਾਉਂਦਾ ਹੈ। ਜਿਥੇ ਇਹ ਆਪਣੇ ਆਪ ਵਿਚ ਇਕ ਅਚੰਭਾ ਹੁੰਦਾ ਹੈ, ਉਥੇ ਇਹ ਆਲੇ-ਦੁਆਲੇ ਦੇ ਲੋਕਾਂ ਨੂੰ ਜੋ ਮੇਲੇ ਵੱਲ ਆ ਰਹੇ ਹੁੰਦੇ ਹਨ, ਸੰਕੇਤ ਹੁੰਦਾ ਹੈ ਕਿ ਮੇਲਾ ਸ਼ੁਰੂ ਹੋ ਗਿਆ ਹੈ। ਮੇਲੇ ਦੇ ਆਰੰਭ ਵਿਚ ਕੁਝ ਸਾਦੀਆਂ ਜਾਦੂ ਦੀਆਂ ਟਰਿੱਕਾਂ ਹੁੰਦੀਆਂ ਹਨ। ਨਾਲ ਨਾਲ ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਟਰਿੱਕਾਂ ਹੱਥ ਦੀ ਸਫਾਈ ਹਨ। ਕੋਈ ਗ਼ੈਬੀ ਸ਼ਕਤੀ ਇਨ੍ਹਾਂ ਦੇ ਪਿੱਛੇ ਨਹੀਂ। ਬੱਚੇ ਇਨ੍ਹਾਂ ਟਰਿੱਕਾਂ ਵਿਚ ਬੜੀ ਦਿਲਚਸਪੀ ਰੱਖਦੇ ਹਨ। ਇਨ੍ਹਾਂ ਟਰਿੱਕਾਂ ਵਿਚ ਖੰਭਾਂ ਦੇ ਰੰਗ ਬਦਲਣੇ , ਸਲੇਟ ਉਤੇ ਲਿਖੇ ਅੱਖਰ ਮਿੱਟ ਜਾਣੇ ਆਦਿ ਹੁੰਦੇ ਹਨ। ਇਹ ਆਮ ਤੌਰ 'ਤੇ ਉਹ ਟਰਿੱਕਾਂ ਹੁੰਦੀਆਂ ਹਨ ਜਿਨ੍ਹਾਂ ਪਿੱਛੇ ਹੱਥ ਦੀ ਸਫਾਈ ਦਾ ਭੇਤ ਬਾਅਦ ਵਿਚ ਦਰਸ਼ਕਾਂ ਨਾਲ ਸਾਂਝਾ ਵੀ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਪੂਰੀ ਤਰ੍ਹਾਂ ਸਮਝਾਇਆ ਜਾ ਸਕੇ ਕਿ ਇਹ ਟਰਿੱਕਾਂ ਪੂਰੀ ਤਰ੍ਹਾਂ ਜਾਦੂ ਦੀ ਕਲਾ ਦੀ ਦੇਣ ਹਨ।

ਇਨ੍ਹਾਂ ਟਰਿੱਕਾਂ ਦੇ ਬਾਅਦ ਤਰਕਸ਼ੀਲ ਲਹਿਰ ਨਾਲ ਜੁੜੇ ਹੋਏ ਨਾਟਕਾਂ ਦਾ ਦੌਰ ਸ਼ੁਰੂ ਹੁੰਦਾ ਹੈ। ਇਸ ਲਹਿਰ ਨੇ ਬਹੁਤ ਸਾਰੇ ਨਾਟਕ ਪੰਜਾਬੀ ਸਾਹਿਤ ਨੂੰ ਦਿੱਤੇ ਹਨ, ਜੋ ਸਥਾਪਤ ਨਾਟਕਕਾਰਾਂ ਵਲੋਂ ਲਿਖੇ ਗਏ ਹਨ। ਕੁਝ ਸਕਿੱਟਾਂ ਲੋਕਲ ਕਲਾਕਾਰਾਂ ਵਲੋਂ ਵੀ ਕੀਤੀਆਂ ਜਾਂਦੀਆਂ ਹਨ। ਬਾਕਾਇਦਾ ਨਾਟਕਾਂ ਵਿਚ 'ਦੇਵ ਪੁਰਸ਼ ਹਾਰ ਗਏ', 'ਸਾੜ੍ਹਸਤੀ', 'ਚਾਨਣ ਦੇ ਵਣਜਾਰੇ' ਅਤੇ 'ਭਗਵਾਨ' ਵਰਗੇ ਨਾਟਕ ਸ਼ਾਮਲ ਹਨ। ਸਕਿੱਟਾਂ ਵਿਚ ਪਾਖੰਡੀ ਸਾਧਾਂ ਦੇ ਪਾਖੰਡ ਨਸ਼ਰ ਕੀਤੇ ਜਾਂਦੇ ਹਨ। ਇਹ ਸਕਿੱਟਾਂ ਬਹੁਤੀਆਂ ਸਕੂਲਾਂ ਦੇ ਵਿਦਿਆਰਥੀਆਂ ਵਲੋਂ ਤਿਆਰ ਕੀਤੀਆਂ ਗਈਆਂ ਹੁੰਦੀਆਂ ਹਨ। ਦਰਸ਼ਕ ਇਨ੍ਹਾਂ ਦਾ ਪੂਰਾ ਸੁਆਦ ਮਾਣਦੇ ਹਨ। ਇਨ੍ਹਾਂ ਦਾ ਸੁਨੇਹਾ ਵੀ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਹੁੰਦਾ ਹੈ।

ਤਰਕਸ਼ੀਲ ਲਹਿਰ ਨਾਲ ਜੁੜਦੇ ਨਾਟਕਾਂ ਦਾ ਪੰਜਾਬੀ ਨਾਟਕ ਇਤਿਹਾਸ ਵਿਚ ਆਪਣਾ ਹਿੱਸਾ ਹੈ। ਮੈਨੂੰ ਯਾਦ ਹੈ ਕਿ ਮੈਂ ਨਾਟਕ 'ਦੇਵ ਪੁਰਸ਼ ਹਾਰ ਗਏ' 1986 ਵਿਚ ਲਿਖਿਆ। ਸਮਰਾਲਾ ਅਤੇ ਮਾਛੀਵਾੜਾ ਦੇ ਕਲਾਕਾਰਾਂ ਨੇ ਇਸ ਨੂੰ ਤਿਆਰ ਕੀਤਾ। ਇਹ ਨਾਟਕ ਤਰਕਸ਼ੀਲ ਲਹਿਰ ਦਾ ਸੁਨੇਹਾ ਪੂਰੀ ਤਰ੍ਹਾਂ ਇਕ ਨਾਟਕ ਦੇ ਰੂਪ ਵਿਚ ਦਿੰਦਾ ਹੈ। ਸੈਂਕੜੇ ਹੀ ਇਹਦੀਆਂ ਪੇਸ਼ਕਾਰੀਆਂ ਹੁਣ ਤਕ ਹੋ ਚੁੱਕੀਆਂ ਹਨ। 1997 ਵਿਚ ਸਾਡੇ ਗਰੁੱਪ ਦੀ ਕੈਨੇਡਾ ਫੇਰੀ ਵਿਚ ਇਹ ਨਾਟਕ ਉਥੇ ਹਰ ਸ਼ਹਿਰ ਵਿਚ ਬੜਾ ਮਕਬੂਲ ਹੋਇਆ।

'ਚਾਨਣ ਦੇ ਵਣਜਾਰੇ' ਅਜਮੇਰ ਸਿੰਘ ਔਲਖ ਦਾ ਲਿਖਿਆ ਹੋਇਆ ਹੈ। ਮਾਨਸਿਕ ਉਲਝਣਾਂ ਦੀ ਇਹ ਤਰਕਸ਼ੀਲ ਵਿਆਖਿਆ ਹੈ। ਤਰਲੋਚਨ ਸਿੰਘ ਦਾ 'ਸਾੜ੍ਹਸਤੀ' ਇਕ ਸਾਧ ਦੇ ਡੇਰੇ ਦੀ ਠੱਗੀ ਨੂੰ ਨਸ਼ਰ ਕਰਦਾ ਹੈ। ਇਹ ਇਕ ਪ੍ਰਭਾਵਸ਼ਾਲੀ ਪੂਰਾ ਨਾਟਕ ਹੈ। ਇਕ ਹੋਰ ਨਾਟਕ ਜਿਸ ਨੇ ਨਾਟਕ ਖੇਤਰ ਵਿਚ ਆਪਣੀ ਡੂੰਘੀ ਛਾਪ ਛੱਡੀ ਹੈ ਸਵਦੇਸ਼ ਦੀਪਕ ਦਾ ਲਿਖਿਆ ਨਾਟਕ 'ਬਾਲ ਭਗਵਾਨ' ਹੈ। ਇਹ ਨਾਟਕ ਪਹਿਲੇ ਟੋਨੀ ਬਾਤਿਸ਼ ਨੇ ਕੀਤਾ ਅਤੇ ਫੇਰ ਚੇਤਨਾ ਮੰਚ ਚਮਕੌਰ ਸਾਹਿਬ ਵਲੋਂ ਇਹ ਕੁਮਾਰ ਪਵਨਦੀਪ ਦੀ ਨਿਰਦੇਸ਼ਨਾਂ ਹੇਠ ਤਿਆਰ ਕੀਤਾ ਗਿਆ। ਇਹ ਬਹੁਪਰਤੀ ਨਾਟਕ ਹੈ ਜੋ ਸਾਡੇ ਸਮਾਜ ਦੇ ਆਰਥਿਕ, ਸਮਾਜਿਕ ਅਤੇ ਰਾਜਸੀ ਵਰਤਾਰੇ ਉਤੇ ਕਰੜਾ ਵਿਅੰਗ ਕਰਦਾ ਤਰਕਸ਼ੀਲਤਾ ਦਾ ਸੁਨੇਹਾ ਦਿੰਦਾ ਹੈ। ਤਰਕਸ਼ੀਲਤਾ ਨਾਲ ਜੁੜੇ ਉਤਲੇ ਦੱਸੇ ਚਾਰੇ ਨਾਟਕ ਸਮੁੱਚੀ ਨਾਟਕ ਲਹਿਰ ਵਿਚ ਆਪਣੀ ਥਾਂ ਰੱਖਦੇ ਹਨ।

ਤਰਕਸ਼ੀਲ ਸਭਿਆਚਾਰਕ ਮੇਲੇ ਉਤੇ ਨਾਟਕ ਤੋਂ ਬਾਅਦ ਤਰਕਸ਼ੀਲ ਲਹਿਰ ਦੇ ਬੁਲਾਰੇ ਇਸ ਲਹਿਰ ਦੀ ਮਹੱਤਤਾ ਦੱਸਦੇ ਹਨ। ਇਸ ਲਹਿਰ ਕੋਲ ਬੜੇ ਹੀ ਪ੍ਰਭਾਵਸ਼ਾਲੀ ਬੁਲਾਰੇ ਹਨ। ਇਨ੍ਹਾਂ ਵਿਚ ਰਾਜਿੰਦਰ ਭਦੌੜ, ਬਲਵਿੰਦਰ ਬਰਨਾਲਾ, ਸੁਰਜੀਤ ਤਲਵਾੜ, ਮੇਘ ਰਾਜ ਰੱਲਾ, ਮੇਘ ਰਾਜ ਮਿੱਤਲ, ਕ੍ਰਿਸ਼ਨ ਬਰਗਾੜੀ, ਤੇਜਪਾਲ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਇਹ ਬੁਲਾਰੇ ਸਮਾਜਿਕ, ਰਾਜਸੀ, ਧਾਰਮਿਕ ਵਰਤਾਰੇ ਬਾਰੇ ਮਿਸਾਲਾਂ ਦੇ ਦੇ ਕੇ ਟਿੱਪਣੀਆਂ ਕਰਦੇ ਹਨ। ਲੋਕਾਂ ਨੂੰ ਤਰਕਸ਼ੀਲਤਾ ਬਾਰੇ ਦੱਸਦੇ ਹਨ ਕਿ ਤੁਹਾਡੀ ਮੰਦਹਾਲੀ ਕਿਸੇ ਰੱਬ ਦੀ ਦੇਣ ਨਹੀਂ ਹੈ, ਨਾ ਹੀ ਤੁਹਾਡੇ ਪਿਛਲੇ ਜਨਮਾਂ ਵਿਚ ਕੀਤੇ ਗਏ ਕੰਮਾਂ ਦੀ ਦੇਣ ਹੈ, ਸਗੋਂ ਇਹ ਲੁੱਟ-ਖਸੁੱਟ ਵਾਲੇ ਨਿਜ਼ਾਮ ਦੀ ਦੇਣ ਹਨ! ਵਹਿਮਾਂ-ਭਰਮਾਂ ਤੋਂ ਨਿਜਾਤ ਪਾਉਣ ਲਈ ਇਹ ਭਾਸ਼ਨ ਰਾਹ ਦੱਸਣ ਵਾਲੇ ਹੁੰਦੇ ਹਨ। ਨਵਾਂ ਸਮਾਜ ਵਸਾਉਣ ਲਈ ਇਕ ਪ੍ਰੇਰਨਾ ਦਿੰਦੇ ਹਨ। ਰੂਹਾਨੀ ਬਾਬਿਆਂ ਦੀ ਠੱਗੀ ਨੂੰ ਨਸ਼ਰ ਕਰਦੇ ਹਨ।

ਤਰਕਸ਼ੀਲ ਲਹਿਰ ਨੇ ਜਿਸ ਤਰ੍ਹਾਂ 15 ਸਾਲਾਂ ਵਿਚ ਕੰਮ ਕੀਤਾ ਹੈ, ਉਸ ਦੀ ਬਿਨਾ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਲੋਕਪੱਖੀ ਸਭਿਆਚਾਰ ਦੇ ਵਿਕਾਸ ਵਿਚ ਇਸ ਲਹਿਰ ਦੀਆਂ ਇਤਿਹਾਸਕ ਪ੍ਰਾਪਤੀਆਂ ਹਨ। ਆਉਂਦੇ ਸਮੇਂ ਵਿਚ ਜਦੋਂ ਅਸੀਂ ਇਕ ਨਿਆਂਸ਼ੀਲ ਸਮਾਜ ਵਸਾਉਣ ਲਈ ਸੰਘਰਸ਼ ਵਿਚ ਜੁੱਟੇ ਹੋਏ ਹੋਵਾਂਗੇ ਤਾਂ ਇਸ ਲਹਿਰ ਨਾਲ ਜੁੜੇ ਹੋਏ ਸਰਗਰਮ ਕਾਰਕੁੰਨ ਇਸ ਲਹਿਰ ਦਾ ਇਕ [illegible]